# ਕੈਲੀਫੋਰਨੀਆ ਸਿਖਲਾਈ ਲਾਭਾਂ ਦੇ ਯੋਗ ਹੋਣ ਲਈ ਸੁਝਾਅ

**ਕੀ ਤੁਸੀਂ ਬੇਰੁਜ਼ਗਾਰ ਹੋ ਅਤੇ ਆਪਣੇ ਹੁਨਰ ਵਿੱਚ ਵਾਧਾ ਕਰਨ ਜਾਂ ਨਵੇਂ ਕੈਰੀਅਰ ਦੀ ਭਾਲ ਕਰਨ ਬਾਰੇ ਸੋਚ ਰਹੇ ਹੋ?
ਕੈਲੀਫੋਰਨੀਆ ਸਿਖਲਾਈ ਲਾਭ ਤੁਹਾਡੇ ਲਈ ਢੁਕਵੇਂ ਰਹਿਣਗੇ!**




## ਕੈਲੀਫੋਰਨੀਆ ਸਿਖਲਾਈ ਲਾਭ ਕੀ ਹਨ?

ਕੈਲੀਫੋਰਨੀਆ ਸਿਖਲਾਈ ਲਾਭ (CTB) ਤੁਹਾਨੂੰ ਬੇਰੁਜ਼ਗਾਰੀ ਬੀਮੇ (UI) ਦੇ ਲਾਭ ਪ੍ਰਾਪਤ ਕਰਨ ਦੇ ਨਾਲ-ਨਾਲ ਰੁਜ਼ਗਾਰ ਵਿਕਾਸ ਵਿਭਾਗ (EDD) ਵੱਲੋਂ ਮਾਨਤਾ ਪ੍ਰਾਪਤ ਸਕੂਲ ਜਾਂ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲੈਂਦੇ ਹੋਏ ਅੱਗੇ ਪੜ੍ਹਾਈ ਕਰਨ, ਆਪਣੇ ਹੁਨਰ ਵਿੱਚ ਵਾਧਾ ਕਰਨ ਜਾਂ ਨਵੇਂ ਕਾਰੋਬਾਰ ਬਾਰੇ ਸਿੱਖਣ ਦਾ ਅਵਸਰ ਦਿੰਦੇ ਹਨ।

### ਭਾਗ ਲੈਣ ਦੇ ਕਾਰਨ

ਯੋਗ CTB ਭਾਗੀਦਾਰ ਹੇਠ ਲਿਖੇ ਕੰਮ ਕਰ ਸਕਦੇ ਹਨ:

- ਮੌਜੂਦਾ ਗਿਆਨ ਅਤੇ ਹੁਨਰ ਵਿੱਚ ਵਾਧਾ ਕਰ ਸਕਦੇ ਹਨ।
- ਰੋਮਾਂਚਕ ਕੈਰੀਅਰ ਲਈ ਨਵੇਂ ਹੁਨਰ ਸਿੱਖ ਸਕਦੇ ਹਨ।
- ਵੱਧ ਸਿਖਲਾਈ ਸਮੇਂ ਲਈ ਸਵੀਕਾਰ ਕੀਤੇ ਜਾਣ 'ਤੇ, ਸੰਭਾਵੀ ਤੌਰ 'ਤੇ ਹੋਰ ਹਫਤਿਆਂ ਲਈ UI ਲਾਭ ਪ੍ਰਾਪਤ ਕਰ ਸਕਦੇ ਹਨ।

CTB ਲਈ ਸਵੀਕਾਰ ਕੀਤੇ ਜਾਣ 'ਤੇ, ਤੁਹਾਨੂੰ EDD ਵੱਲੋਂ ਮਾਨਤਾ ਪ੍ਰਾਪਤ ਸਕੂਲ ਜਾਂ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲੈਂਦੇ ਦੌਰਾਨ ਕੰਮ ਲਈ ਉਪਲਬਧ ਰਹਿਣ, ਸਰਗਰਮੀ ਨਾਲ ਕੰਮ ਲੱਭਣ, ਅਤੇ ਕੰਮ ਸਵੀਕਾਰ ਕਰਨ ਵਰਗੀਆਂ ਸਪਤਾਹਿਕ UI ਯੋਗਤਾ ਲੋੜਾਂ ਤੋਂ ਛੋਟ ਦਿੱਤੀ ਜਾਵੇਗੀ।

## CTB ਲਈ ਯੋਗ ਦੇ ਚਾਰ ਚਰਨ

CTB ਵਿੱਚ ਭਾਗ ਲੈਣ ਲਈ, ਤੁਹਾਡੇ ਕੋਲ ਮੌਜੂਦਾ ਸਮੇਂ ਦਾ ਅਤੇ ਕਨੂੰਨੀ ਤੌਰ 'ਤੇ ਉਚਿਤ UI ਕਲੇਮ ਹੋਣਾ ਚਾਹੀਦਾ ਹੈ ਅਤੇ ਹੋਰ ਸਾਰੀਆਂ UI ਯੋਗਤਾ ਲੋੜਾਂ ਨੂੰ ਪੂਰਾ ਕਰਦੇ ਹੋਣਾ ਚਾਹੀਦਾ ਹੈ।

### *ਚਰਨ 1 - CTB ਵਿੱਚ ਆਪਣੀ ਰੁਚੀ ਦੀ ਸੂਚਨਾ ਦਿਓ*

CTB ਵਿੱਚ ਆਪਣੀ ਰੁਚੀ ਦੀ ਸੂਚਨਾ ਦੇਣ ਲਈ ਜਿੰਨੀ ਜਲਦੀ ਹੋ ਸਕੇ EDD ਨਾਲ ਆਨਲਾਈਨ, ਫੋਨ ਰਾਹੀਂ, ਜਾਂ America's Job Center of California[SM] ਵਿਖੇ ਮਿਲ ਕੇ ਸੰਪਰਕ ਕਰੋ।

**ਮਹੱਤਵਪੂਰਨ:** ਵੱਧ ਸਿਖਲਾਈ ਸਮੇਂ ਦੇ ਲਈ ਵਿਚਾਰ ਕੀਤੇ ਜਾਣ ਲਈ, ਤੁਹਾਨੂੰ 16ਵੇਂ ਹਫਤੇ ਆਪਣੇ UI ਲਾਭ ਦੇ ਭੁਗਤਾਨ ਪ੍ਰਾਪਤ ਕਰਨ ਤੋਂ ਪਹਿਲਾਂ EDD ਨਾਲ ਲਾਜ਼ਮੀ ਸੰਪਰਕ ਕਰਨਾ ਚਾਹੀਦਾ ਹੈ।

### *ਚਰਨ 2 - ਇੱਕ ਯੋਗਤਾ ਪ੍ਰੋਗਰਾਮ ਦੀ ਚੋਣ ਕਰੋ*

ਤੁਸੀਂ ਆਪਣੇ ਕੈਰੀਅਰ ਟੀਚਿਆਂ ਦੀ ਲੋੜਾਂ ਨੂੰ ਪੂਰਾ ਕਰਨ ਅਤੇ ਤੁਹਾਨੂੰ CTB ਦੇ ਯੋਗ ਕਰਨ ਵਾਲੇ ਕਈ ਸਕੂਲ ਅਤੇ ਸਿਖਲਾਈ ਪ੍ਰੋਗਰਾਮਾਂ ਦੀ ਭਾਲ ਕਰ ਸਕਦੇ ਹੋ। ਆਪਣੇ ਲਈ ਢੁਕਵੇਂ ਯੋਗ ਸਿਖਲਾਈ ਪ੍ਰੋਗਰਾਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ, ਦੇਖੋ ਯੋਗ ਸਿਖਲਾਈ ਪ੍ਰੋਗਰਾਮਾਂ ਦੀਆਂ ਕਿਸਮਾਂ ਦਾ ਭਾਗ।

ਜੇਕਰ ਤੁਸੀਂ ਸਰਕਾਰ ਵੱਲੋਂ ਆਯੋਜਿਤ ਕੀਤੇ ਗਏ ਕੁਝ ਪ੍ਰੋਗਰਾਮਾਂ ਜਾਂ ਕਿਸੇ ਰੁਜ਼ਗਾਰਦਾਤਾ, ਵਪਾਰ ਸੰਸਥਾ, ਜਾਂ ਯੂਨੀਅਨ ਵਲੋਂ ਸਪਾਂਸਰ ਕੀਤੀ ਗਈ ਸਿਖਲਾਈ ਵਿੱਚ ਭਾਗ ਲੈਂਦੇ ਹੋ ਤਾਂ ਤੁਹਾਨੂੰ CTB ਲਈ ਪਹਿਲਾਂ ਹੀ ਸਵੀਕਾਰ ਕੀਤਾ ਜਾ ਸਕਦਾ ਹੈ। ਪਰ, EDD ਨੂੰ ਸਿਖਲਾਈ ਵਿੱਚ ਤੁਹਾਡੇ ਨਾਮਾਂਕਨ ਅਤੇ ਹਾਜ਼ਰੀ ਦੀ ਪੁਸ਼ਟੀ ਕਰਨ ਦੀ ਲੋੜ ਹੋਵੇਗੀ। ਜੇਕਰ ਤੁਸੀਂ ਆਪਣੀ ਸਿਖਲਾਈ ਲਈ ਖੁਦ ਵਿਵਸਥਾ ਕਰਦੇ ਹੋ ਤਾਂ ਤੁਹਾਨੂੰ CTB ਲਈ ਯੋਗ ਹੋਣ ਦੇ **ਸਾਰੇ** ਮਾਪਦੰਡਾਂ ਨੂੰ ਲਾਜ਼ਮੀ ਪੂਰਾ ਕਰਨਾ ਹੋਵੇਗਾ।

### *ਚਰਨ 3 - ਹਾਜ਼ਰੀ ਦੀ ਸ਼ੁਰੂਆਤ ਦੀ ਸੂਚਨਾ ਦਿਓ*

ਜੇਕਰ ਤੁਸੀਂ ਵਰਤਮਾਨ ਵਿੱਚ ਸਕੂਲ ਜਾਂ ਕਿਸੇ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲੈ ਰਹੇ ਹੋ ਤਾਂ UI ਕਲੇਮ ਲਈ ਬਿਨੈ ਕਰਨ ਜਾਂ ਇਸ ਨੂੰ ਦੁਬਾਰਾ ਖੋਲਣ ਦੇ ਸਮੇਂ EDD ਨੂੰ ਆਪਣੀ ਹਾਜ਼ਰੀ ਦੀ ਸੂਚਨਾ ਦਿਓ। ਨਹੀਂ ਤਾਂ, ਲਾਭਾਂ ਲਈ ਤਸਦੀਕ ਕਰਨ ਤੋਂ ਬਾਅਦ ਸਕੂਲ ਜਾਂ ਸਿਖਲਾਈ ਦੀ **ਸ਼ੁਰੂਆਤ** ਕਰਨ ਦੇ ਹਫਤੇ ਵਿੱਚ EDD ਨੂੰ ਸੂਚਨਾ ਦਿਓ। ਤੁਸੀਂ EDD ਨਾਲ ਆਨਲਾਈਨ, ਫੋਨ ਰਾਹੀਂ ਜਾਂ ਆਪਣੇ ਸਥਾਨਕ AJCC ਵਿਖੇ ਮਿਲ ਕੇ ਵੀ ਸੰਪਰਕ ਕਰ ਸਕਦੇ ਹੋ। ਤੁਹਾਨੂੰ ਕੇਵਲ ਸਕੂਲ ਜਾਂ ਸਿਖਲਾਈ ਦੀ ਸ਼ੁਰੂਆਤ ਕਰਨ ਦੇ ਹਫਤੇ ਵਿੱਚ ਆਪਣੀ ਹਾਜ਼ਰੀ ਦੀ ਸ਼ੁਰੂਆਤ ਦੀ ਸੂਚਨਾ ਦੇਣ ਦੀ ਲੋੜ ਹੈ।*

**** ਕਾਰਜਬਲ ਨਵਾਚਾਰ ਅਤੇ ਅਵਸਰ ਕਨੂੰਨ (WIOA) ਜਾਂ ਟ੍ਰੇਡ ਐਡਜਸਟਮੈਂਟ ਅਸਿਸਟੈਂਸ (TAA) ਸਿਖਲਾਈ ਲਈ, ਆਪਣੀ ਹਾਜ਼ਰੀ ਦੀ ਸੂਚਨਾ ਦੇਣ ਦੇ ਲਈ AJCC ਵਿਖੇ ਆਪਣੇ ਪ੍ਰਤਿਨਿਧੀ ਨਾਲ ਸੰਪਰਕ ਕਰੋ।***

### *ਚਰਨ 4 - ਸਿਖਲਾਈ ਨਾਲ ਸੰਬੰਧਤ ਜਾਣਕਾਰੀ ਪ੍ਰਦਾਨ ਕਰੋ*

CTB ਦੇ ਲਈ ਤੁਹਾਡੀ ਯੋਗਤਾ ਨਿਰਧਾਰਤ ਕਰਨ ਲਈ EDD ਨੂੰ ਤੁਹਾਡੇ ਸਕੂਲ ਜਾਂ ਸਿਖਲਾਈ ਪ੍ਰੋਗਰਾਮ ਨਾਲ ਸੰਬੰਧਤ ਜਾਣਕਾਰੀ ਦੀ ਲੋੜ ਹੋਵੇਗੀ। ਤੁਹਾਨੂੰ ਮੇਲ ਰਾਹੀਂ ਇੱਕ ਪ੍ਰਸ਼ਨਾਵਲੀ ਭੇਜੀ ਜਾ ਸਕਦੀ ਹੈ ਜਾਂ EDD ਦੇ ਇੱਕ ਪ੍ਰਤਿਨਿਧੀ ਨਾਲ ਫੋਨ 'ਤੇ ਤੁਹਾਡਾ ਇੰਟਰਵਿਊ ਨਿਯਤ ਕੀਤਾ ਜਾ ਸਕਦਾ ਹੈ।

ਤੁਹਾਡੇ ਅੰਤਰਾਲਾਂ ਜਾਂ ਛੁੱਟੀਆਂ, ਤੁਹਾਡੇ ਸਿਖਲਾਈ ਕਾਰੋਬਾਰ ਜਾਂ ਕੈਰੀਅਰ ਟੀਚਿਆਂ ਅਤੇ ਸਕੂਲ ਜਾਂ ਸਿਖਲਾਈ ਸੁਵਿਧਾ ਸਮੇਤ ਆਪਣੀ ਹਾਜ਼ਰੀ ਦੀਆਂ ਮਿਤੀਆਂ ਅਤੇ ਸਮਾਂ-ਸਾਰਣੀ ਮੁਹੱਈਆ ਕਰਨ ਲਈ ਤਿਆਰ ਰਹੋ। ਤੁਹਾਡੇ ਸਕੂਲ ਜਾਂ ਸਿਖਲਾਈ ਸੁਵਿਧਾ ਵਿਖੇ ਇੱਕ ਅਧਿਕਾਰਤ ਪ੍ਰਤਿਨਿਧੀ ਵੱਲੋਂ ਵਾਧੂ ਪ੍ਰਸ਼ਨਾਵਲੀ ਪੂਰੀ ਕਰਵਾ ਕੇ ਤੁਹਾਡੀ ਹਾਜ਼ਰੀ ਦੀ ਪੁਸ਼ਟੀ ਕਰਨ ਦੀ ਲੋੜ ਪੈ ਸਕਦੀ ਹੈ।

**ਮਹੱਤਵਪੂਰਨ:** ਜਿੰਨੀ ਜਲਦੀ ਹੋ ਸਕੇ ਫਾਰਮ ਨੂੰ ਭਰ ਕੇ ਵਾਪਿਸ ਕਰੋ ਅਤੇ ਫੋਨ 'ਤੇ ਨਿਯਤ ਆਪਣੇ ਇੰਟਰਵਿਊ ਲਈ ਉਪਲਬਧ ਰਹੋ ਤਾਂ ਕਿ EDD ਤੁਹਾਡੀ CTB ਯੋਗਤਾ ਨਿਰਧਾਰਤ ਕਰ ਸਕੇ।

## ਤੁਹਾਡੇ ਵੱਲੋਂ ਅਰਜ਼ੀ ਦੇਣ ਤੋਂ ਬਾਅਦ

EDD ਤੁਹਾਡੇ ਯੋਗਤਾ ਨਤੀਜਿਆਂ ਦੇ ਨਾਲ ਤੁਹਾਨੂੰ *Notice of Determination,* DE 1080, (ਫੈਸਲੇ ਦੀ ਸੂਚਨਾ) ਭੇਜੇਗਾ। ਜੇਕਰ ਤੁਸੀਂ CTB ਦੇ ਲਈ ਯੋਗ ਹੋ, ਤਾਂ ਨੋਟਿਸ ਵਿੱਚ ਤੁਹਾਡੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਬਾਰੇ ਲਿਖਿਆ ਹੋਵੇਗਾ।

ਜੇਕਰ ਤੁਸੀਂ CTB ਦੇ ਲਈ ਯੋਗ ਨਹੀਂ ਹੋ, ਤਾਂ ਤੁਹਾਨੂੰ ਸਕੂਲ ਜਾਂ ਸਿਖਲਾਈ ਵਿੱਚ ਭਾਗ ਲੈਂਦੇ ਹੋਏ UI ਲਾਭ ਮਿਲਦੇ ਰਹਿਣਗੇ। ਪਰ, EDD ਨੂੰ ਇਹ ਲਾਜ਼ਮੀ ਰੂਪ ਵਿੱਚ ਨਿਰਧਾਰਤ ਕਰਨਾ ਹੋਵੇਗਾ ਕਿ ਕੀ ਤੁਸੀਂ ਕੰਮ ਲਈ ਉਪਲਬਧ ਹੋ, ਸਰਗਰਮੀ ਨਾਲ ਕੰਮ ਲੱਭ ਰਹੇ ਹੋ, ਕੰਮ ਸਵੀਕਾਰ ਕਰਨ ਦੀ ਇੱਛਾ ਰੱਖਦੇ ਹੋ ਅਤੇ ਹੋਰ ਸਾਰੀਆਂ ਯੋਗਤਾ ਲੋੜਾਂ ਪੂਰੀਆਂ ਕਰਦੇ ਹੋ।

**ਮਹੱਤਵਪੂਰਨ:** ਤੁਹਾਨੂੰ ਸਕੂਲ ਜਾਂ ਸਿਖਲਾਈ ਵਿੱਚ ਭਾਗ ਲੈਂਦੇ ਹੋਏ UI ਲਾਭਾਂ ਲਈ ਤਸਦੀਕ ਕਰਨਾ ਜਾਰੀ ਰੱਖਣਾ ਚਾਹੀਦਾ ਹੈ। ਹਾਜ਼ਰੀ ਜਾਂ ਤੁਹਾਡੇ ਸਿਖਲਾਈ ਪ੍ਰੋਗਰਾਮ ਦੀਆਂ ਮਿਤੀਆਂ ਵਿੱਚ ਕੋਈ ਬਦਲਾਅ ਹੋਣ 'ਤੇ EDD ਨੂੰ ਸੂਚਨਾ ਦਿਓ।

## ਸਿਖਲਾਈ ਸਮੇਂ ਵਿੱਚ ਵਾਧਾ

ਜੇਕਰ ਤੁਸੀਂ CTB ਲਈ ਯੋਗ ਹੋ, ਤਾਂ ਤੁਸੀਂ ਸੰਭਾਵੀ ਤੌਰ 'ਤੇ ਜ਼ਿਆਦਾ ਅਵਧੀ ਦੇ ਸਕੂਲ ਜਾਂ ਸਿਖਲਾਈ ਪ੍ਰੋਗਰਾਮਾਂ ਨੂੰ ਪੂਰਾ ਕਰਨ ਲਈ ਸਿਖਲਾਈ ਸਮੇਂ ਵਿੱਚ ਵਾਧੇ ਲਈ ਵੀ ਯੋਗ ਹੋਵੋਗੇ। ਤੁਹਾਨੂੰ ਦਿੱਤੇ ਜਾਣ ਵਾਲੇ ਨਿਯਮਤ ਜਾਂ ਵਧੇ ਹੋਏ UI ਲਾਭਾਂ ਦੇ ਸਮੇਤ, ਤੁਹਾਨੂੰ ਵੱਧ ਤੋਂ ਵੱਧ ਆਪਣੇ UI ਕਲੇਮ ਦੀ ਸਪਤਾਹਿਕ ਲਾਭ ਰਾਸ਼ੀ ਦੀ 52 ਗੁਣਾ ਰਾਸ਼ੀ ਮਿਲ ਸਕਦੀ ਹੈ। CTB ਵੱਲੋਂ ਮਾਨਤਾ ਪ੍ਰਾਪਤ ਹਰੇਕ ਸਿਖਲਾਈ ਪ੍ਰੋਗਰਾਮ ਲਈ ਕੇਵਲ ਇੱਕ ਵਾਰ ਸਿਖਲਾਈ ਦੀ ਮਿਆਦ ਵਿੱਚ ਵਾਧੇ ਦੀ ਇਜਾਜ਼ਤ ਹੈ।

## ਯੋਗ ਸਿਖਲਾਈ ਪ੍ਰੋਗਰਾਮਾਂ ਦੀਆਂ ਕਿਸਮਾਂ

CTB ਲਈ ਯੋਗ ਹੋਣ ਦੇ ਦੋ ਤਰੀਕੇ ਹਨ। ਤੁਸੀਂ ਨੀਚੇ ਦਿੱਤੇ ਹੋਏ ਕਿਸੇ ਇੱਕ ਪਹਿਲਾਂ ਤੋਂ ਮਾਨਤਾ ਪ੍ਰਾਪਤ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲੈ ਸਕਦੇ ਹੋ ਜਾਂ ਕਨੂੰਨੀ ਮਾਪਦੰਡਾਂ ਨੂੰ ਪੂਰਾ ਕਰਦੀ ਹੋਈ ਆਪਣੀ ਖੁਦ ਦੀ ਸਿਖਲਾਈ ਲਈ ਵਿਵਸਥਾ ਕਰ ਸਕਦੇ ਹੋ।

## ਪਹਿਲਾਂ ਤੋਂ ਮਾਨਤਾ ਪ੍ਰਾਪਤ ਸਿਖਲਾਈ ਪ੍ਰੋਗਰਾਮ

### ਯੋਗ ਸਿਖਲਾਈ ਪ੍ਰਦਾਤਾ ਸੂਚੀ (ETPL)

ਕੈਲੀਫੋਰਨੀਆ ETPL ਰਾਜ ਵੱਲੋਂ ਮਾਨਤਾ ਪ੍ਰਾਪਤ ਉਹਨਾਂ ਸਿਖਲਾਈ ਪ੍ਰਦਾਤਾਵਾਂ ਦੀ ਸੂਚੀ ਹੈ ਜੋ ਸੰਘੀ ਰਾਜਬਲ ਨਵਾਚਾਰ ਅਤੇ ਅਵਸਰ ਕਨੂੰਨ (WIOA) ਦੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ। ETPL ਵਿੱਚ ਕਲਾਸਰੂਮ ਅਤੇ ਆਨਲਾਈਨ ਸਕੂਲ ਜਾਂ ਸਿਖਲਾਈ ਨੂੰ ਸ਼ਾਮਲ ਕਰਦੇ ਹੋਏ ਕਈ ਵਿੱਦਿਅਕ ਪ੍ਰੋਗਰਾਮ ਸ਼ਾਮਲ ਹਨ।

ETPL ਪ੍ਰਦਾਤਾ ਦੀ ਖੋਜ ਕਰਨ ਲਈ, caljobs.ca.gov 'ਤੇ ਜਾਓ। CalJOBS℠ ਸਿਸਟਮ ਨੂੰ ਅਕਸੈਸ ਕਰਨ ਲਈ **More Career Services** (ਹੋਰ ਕੈਰੀਅਰ ਸੇਵਾਵਾਂ) ਲਿੰਕ ਨੂੰ ਚੁਣੋ। **Education Services** (ਸਿੱਖਿਆ ਸੇਵਾਵਾਂ) ਟੈਬ 'ਤੇ ਜਾਓ ਅਤੇ **Training Providers and Schools** (ਸਿਖਲਾਈ ਪ੍ਰਦਾਤਾ ਅਤੇ ਸਕੂਲ) ਲਿੰਕ ਨੂੰ ਚੁਣੋ।

### ਕਾਰਜਬਲ ਨਵਾਚਾਰ ਅਤੇ ਅਵਸਰ ਕਨੂੰਨ (WIOA)

ਸੰਘੀ WIOA ਨੌਕਰੀ ਦੀ ਭਾਲ ਕਰ ਰਹੇ ਵਿਅਕਤੀਆਂ ਨੂੰ ਨੌਕਰੀ ਪ੍ਰਾਪਤ ਕਰਨ ਵਿੱਚ ਸਹਾਇਤਾ ਦੇਣ ਲਈ ਰੁਜ਼ਗਾਰ, ਸਿੱਖਿਆ, ਸਿਖਲਾਈ, ਅਤੇ ਹੋਰ ਸਹਾਇਕ ਸੇਵਾਵਾਂ ਲਈ ਸੇਵਾਵਾਂ ਜਾਂ ਫੰਡ ਜਾਂ ਦੋਨੋਂ ਮੁਹੱਈਆ ਕਰਦਾ ਹੈ।

### ਟ੍ਰੇਡ ਐਡਜਸਟਮੈਂਟ ਅਸਿਸਟੈਂਸ (TAA)

ਸੰਘੀ TAA ਉਹਨਾਂ ਕਰਮਚਾਰੀਆਂ ਦੀ ਸਹਾਇਤਾ ਕਰਦਾ ਹੈ ਜੋ ਵਿਦੇਸ਼ੀ ਵਪਾਰ ਜਾਂ ਆਪਣੇ ਦੇਸ਼ ਦੀ ਜਗ੍ਹਾਂ ਹੋਰਾਂ ਦੇਸ਼ਾਂ ਵਿੱਚ ਉਤਪਾਦਨ ਹੋਣ ਦੇ ਨਤੀਜੇ ਵਜੋਂ ਆਪਣੀ ਨੌਕਰੀ ਗੁਆ ਬੈਠੇ ਹਨ ਜਾਂ ਗੁਆ ਸਕਦੇ ਹਨ।

### ਸ਼ਾਗਿਰਦੀ ਸਿਖਲਾਈ

ਸ਼ਾਗਿਰਦੀ ਪ੍ਰੋਗਰਾਮਾਂ ਵਿੱਚ ਜ਼ਿਆਦਾ ਮੰਗ ਵਾਲੀਆਂ ਨੌਕਰੀਆਂ ਲਈ ਹੁਨਰ ਸਿੱਖਣ ਅਤੇ ਕੰਮ ਕਰਦੇ ਹੋਏ ਵਿੱਦਿਅਕ ਨੇਕਨਾਮੀ ਕਮਾਉਣ ਲਈ ਪੇਡ-ਆਨ-ਦਿ-ਜੌਬ ਸਿਖਲਾਈ ਅਤੇ ਹੋਰ ਅਵਸਰ ਸ਼ਾਮਲ ਹੋ ਸਕਦੇ ਹਨ।

ਸ਼ਾਗਿਰਦੀ ਪ੍ਰੋਗਰਾਮਾਂ ਬਾਰੇ ਹੋਰ ਜਾਣਨ ਲਈ, dir.ca.gov/DAS 'ਤੇ ਸ਼ਾਗਿਰਦੀ ਮਿਆਰਾਂ ਦੇ ਭਾਗ ਕੈਲੀਫੋਰਨੀਆ ਡਿਪਾਰਟਮੈਂਟ ਆਫ ਇੰਡਸਟ੍ਰੀਅਲ ਰਿਲੇਸ਼ਨਜ਼ 'ਤੇ ਜਾਓ।

### ਇੰਪਲੋਇਮੈਂਟ ਟ੍ਰੇਨਿੰਗ ਪੈਨਲ (ETP)

ਕੈਲੀਫੋਰਨੀਆ ETP ਰੁਜ਼ਗਾਰਦਾਤਾਵਾਂ ਨੂੰ ਉਹਨਾਂ ਦੇ ਕਰਮਚਾਰੀਆਂ ਦੇ ਹੁਨਰ ਦੇ ਵਿੱਚ ਵਾਧਾ ਕਰਨ ਵਿੱਚ ਸਹਾਇਤਾ ਕਰਨ ਲਈ ਅਨੁਕੂਲ ਸਿਖਲਾਈ ਲਈ ਫੰਡ ਮੁਹੱਈਆ ਕਰਦੀ ਹੈ।

### ਕੈਲੀਫੋਰਨੀਆ ਵਰਕ ਆਪਰਚੁਨਿਟੀ ਐਂਡ ਰਿਸਪੌਂਸੀਬਿਲਿਟੀ ਟੂ ਕਿਡਜ਼ (CalWORKS)

CalWORKs ਪ੍ਰੋਗਰਾਮ CalWORKs ਵਿੱਚ ਨਾਮਾਂਕਨ ਹੋਏ ਯੋਗ ਵਿਅਕਤੀਆਂ ਲਈ ਕੰਮ ਅਤੇ ਸਿਖਲਾਈ ਅਵਸਰ ਮੁਹੱਈਆ ਕਰਦਾ ਹੈ।

### ਯੂਨੀਅਨ, ਵਪਾਰ ਸੰਸਥਾ, ਜਾਂ ਰੁਜ਼ਗਾਰਦਾਤਾ ਵੱਲੋਂ ਸਪਾਂਸਰ ਕੀਤੀ ਗਈ ਸਿਖਲਾਈ

ਜਰਨੀ-ਲੈਵਲ ਯੂਨੀਅਨ ਜਾਂ ਟ੍ਰੇਡ ਐਸੋਸੀਏਸ਼ਨ ਦੇ ਸਦੱਸਾਂ ਅਤੇ ਰੁਜ਼ਗਾਰਦਾਤਾ ਜਾਂ ਰੁਜ਼ਗਾਰਦਾਤਾ ਦੀ ਸੰਸਥਾ ਵੱਲੋਂ ਸਪਾਂਸਰ ਕੀਤੇ ਗਏ ਭਾਗੀਦਾਰਾਂ ਨੂੰ CTB ਵਿੱਚ ਭਾਗੀਦਾਰੀ ਲਈ ਪਹਿਲਾਂ ਤੋਂ ਸਵੀਕਾਰ ਕੀਤਾ ਜਾ ਸਕਦਾ ਹੈ। ਸਿਖਲਾਈ ਉਦਯੋਗ-ਸੰਬੰਧਤ ਅਤੇ ਆਪਣੀ ਨੌਕਰੀ ਜਾਰੀ ਰੱਖਣ ਲਈ ਜਾਂ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਜ਼ਿਆਦਾ ਮੁਕਾਬਲੇਦਾਰ ਬਣਨ ਲਈ ਜ਼ਰੂਰੀ ਹੋਣੀ ਚਾਹੀਦੀ ਹੈ।

### ਟੀਚਿੰਗ ਕ੍ਰੀਡੈਂਸ਼ੀਅਲ ਪ੍ਰੋਗਰਾਮ

ਕੁਝ ਸਰਕਾਰੀ ਸਕੂਲ ਦੇ ਅਧਿਆਪਕ ਗਣਿਤ, ਵਿਗਿਆਨ, ਜਾਂ ਵਿਸ਼ੇਸ਼ ਸਿੱਖਿਆ ਵਿੱਚ K-12 ਸਿੰਗਲ ਸਬਜੈਕਟ ਟੀਚਰ ਕ੍ਰੀਡੈਂਸ਼ੀਅਲ ਪ੍ਰੋਗਰਾਮਾਂ ਲਈ EDD ਪੁਸ਼ਟੀਕਰਨ ਵਾਸਤੇ ਪਹਿਲਾਂ ਤੋਂ ਸਵੀਕਾਰ ਕਰ ਲਿੱਤੇ ਹੋਣਗੇ। ਇਹ ਪ੍ਰੋਗਰਾਮ ਕਮੀਸ਼ਨ ਆਨ ਟੀਚਰ ਕ੍ਰੀਡੈਂਸ਼ੀਅਲਿੰਗ ਵੱਲੋਂ ਲਾਜ਼ਮੀ ਮਾਨਤਾ-ਪ੍ਰਾਪਤ ਹੋਣਾ ਚਾਹੀਦਾ ਹੈ।

### ਸਵੈ-ਆਯੋਜਿਤ ਸਿਖਲਾਈ

ਜੇਕਰ ਤੁਸੀਂ ਆਪਣੀ ਸਿਖਲਾਈ ਦੀ ਆਪ ਵਿਵਸਥਾ ਅਤੇ ਫੰਡਿੰਗ ਕਰਦੇ ਹੋ ਤਾਂ ਤੁਸੀਂ ਕਨੂੰਨੀ ਮਾਪਦੰਡ ਪੂਰੇ ਕਰਦੇ ਰਹਿਣ ਤੱਕ CTB ਲਈ ਯੋਗ ਰਹੋਗੇ। ਜ਼ਿਆਦਾਤਰ ਮਾਮਲਿਆਂ ਵਿੱਚ, ਤੁਸੀਂ ਸਥਾਨਕ ਮਜ਼ਦੂਰ ਮਾਰਕਿਟ ਵਿੱਚ ਆਪਣੇ ਮੌਜੂਦਾ ਹੁਨਰ ਦੀ ਮੰਗ ਵਿੱਚ ਕਮੀ ਕਰਕੇ ਘੱਟੋ-ਘੱਟ ਚਾਰ ਹਫਤਿਆਂ ਲਈ ਬੇਰੁਜ਼ਗਾਰ ਲਾਜ਼ਮੀ ਹੋਣੇ ਚਾਹੀਦੇ ਹੋ।

ਜੇਕਰ ਤੁਸੀਂ ਆਪਣੀ ਸਿਖਲਾਈ ਦੀ ਆਪ ਵਿਵਸਥਾ ਅਤੇ ਫੰਡਿੰਗ ਕਰ ਰਹੇ ਹੋ ਤਾਂ ਹੇਠਲੇ ਸਾਰੇ ਮਾਪਦੰਡ ਪੂਰੇ ਕੀਤੇ ਜਾਣੇ ਚਾਹੀਦੇ ਹਨ। ਸਕੂਲ ਅਤੇ ਸਿਖਲਾਈ ਲਾਜ਼ਮੀ ਤੌਰ 'ਤੇ:

- ਉਸ ਕਾਰੋਬਾਰ ਜਾਂ ਹੁਨਰ ਨਾਲ ਸੰਬੰਧਤ ਹੋਣੀ ਚਾਹੀਦੀ ਹੈ ਜਿਸਦੀ ਕੈਲੀਫੋਰਨੀਆ ਮਜ਼ਦੂਰ ਮਾਰਕਿਟ ਵਿੱਚ ਮੰਗ ਹੋਵੇ ਜਿੱਥੇ ਤੁਸੀਂ ਕੰਮ ਕਰਨਾ ਚਾਹੁੰਦੇ ਹੋ।
- ਸੰਯੁਕਤ ਰਾਜ ਦੇ ਸਿੱਖਿਆ ਵਿਭਾਗ ਜਾਂ ਕੈਲੀਫੋਰਨੀਆ ਬਿਊਰੋ ਫਾਰ ਪ੍ਰਾਈਵੇਟ ਪੋਸਟਸਕੈਂਡਰੀ ਐਜੂਕੇਸ਼ਨ ਵੱਲੋਂ ਮਾਨਤਾ ਪ੍ਰਾਪਤ ਹੋਵੇ।
- ਵਾਜਬ ਮਿਆਦ ਵਿੱਚ ਪੂਰੀ ਕੀਤੀ ਗਈ ਹੋਣੀ ਚਾਹੀਦੀ ਹੈ, ਜੋ ਕਿ ਆਮ ਤੌਰ 'ਤੇ 2 ਸਾਲ ਹੁੰਦੀ ਹੈ।
- ਫੁਲ-ਟਾਈਮ ਹੋਣੀ ਚਾਹੀਦੀ ਹੈ ਜੋ ਕਿ ਆਮ ਤੌਰ 'ਤੇ ਪ੍ਰਤਿ ਹਫਤਾ ਘੱਟੋ-ਘੱਟ 20 ਘੰਟੇ ਜਾਂ 12 ਛਿਮਾਹੀ ਜਾਂ ਤਿਮਾਹੀ ਇਕਾਈਆਂ ਹੈ।
- CTB ਵਿੱਚ ਪਿਛਲੀ ਭਾਗੀਦਾਰੀ ਦੀ ਸ਼ੁਰੂਆਤ ਮਿਤੀ ਤੋਂ ਬਾਅਦ 3 ਸਾਲਾਂ ਤੋਂ ਵੱਧ ਸਮੇਂ ਦੀ ਹੋਣੀ ਚਾਹੀਦੀ ਹੈ।

ਤੁਹਾਨੂੰ ਸਿਖਲਾਈ ਪ੍ਰੋਗਰਾਮ ਨੂੰ ਲਾਜ਼ਮੀ ਪੂਰੇ ਕਰਨਾ ਚਾਹੀਦਾ ਹੈ, ਭਾਵੇਂ ਹੀ UI ਲਾਭਾਂ ਦੀ ਅਧਿਕਤਮ ਰਾਸ਼ੀ ਸਿਖਲਾਈ ਦੇ ਸਮੁੱਚੀ ਮਿਆਦ ਨੂੰ ਕਵਰ ਲਈ ਕਾਫੀ ਨਹੀਂ ਹੈ।

### ਸਿਖਲਾਈ ਦਾ ਖਰਚਾ

EDD ਟਿਊਸ਼ਨ, ਫੀਸਾਂ, ਕਿਤਾਬਾਂ, ਸਮੱਗਰੀਆਂ, ਜਾਂ ਆਉਣ-ਜਾਣ ਦੇ ਕਿਰਾਏ ਵਰਗੇ ਸਿਖਲਾਈ-ਸੰਬੰਧਤ ਖਰਚਿਆਂ ਨੂੰ ਕਵਰ ਨਹੀਂ ਕਰਦਾ ਹੈ। ਪਰ ਤੁਸੀਂ ਹੋਰ ਰਾਜ, ਸੰਘੀ ਜਾਂ ਨਿੱਜੀ ਵਿੱਤ ਸਹਾਇਤਾ ਲਈ ਯੋਗ ਹੋ ਸਕਦੇ ਹੋ। ਵਧੇਰੀ ਜਾਣਕਾਰੀ ਲਈ, studentaid.gov 'ਤੇ ਜਾਓ।

### ਕੈਰੀਅਰ ਪਲਾਨਿੰਗ ਅਤੇ ਸਾਧਨ

EDD ਤੁਹਾਨੂੰ ਕੰਮ ਦੀ ਭਾਲ ਕਰਨ ਅਤੇ ਤੁਹਾਡੇ ਕੈਰੀਅਰ ਟੀਚਿਆਂ ਦਾ ਵਿਸਤਾਰ ਕਰਨ ਲਈ ਤੁਹਾਡੇ ਹੁਨਰ ਵਿਕਸਿਤ ਕਰਨ ਵਿੱਚ ਸਹਾਇਤਾ ਕਰਨ ਲਈ ਆਨਲਾਈਨ ਅਤੇ ਇਨ-ਪਰਸਨ ਸਾਧਨ ਮੁਹੱਈਆ ਕਰਦਾ ਹੈ।

EDD ਦੀ ਮਜ਼ਦੂਰ ਮਾਰਕਿਟ ਜਾਣਕਾਰੀ ਡੇਟਾ ਲਾਈਬ੍ਰੇਰੀ ਤੇਜ਼ੀ ਨਾਲ ਵੱਧ ਰਹੀਆਂ ਨੌਕਰੀਆਂ ਦੀ ਜਲਦ ਖੋਜ ਕਰਨ ਲਈ, ਤਨਖਾਹਾਂ ਬਾਰੇ ਜਾਣਕਾਰੀ ਖੋਜਨ ਲਈ, ਅਤੇ ਆਪਣੀ ਸਥਾਨਕ ਮਜ਼ਦੂਰ ਮਾਰਕਿਟ ਨੂੰ ਸਮਝਣ ਲਈ ਵੈੱਬ-ਅਧਾਰਤ ਜਾਣਕਾਰੀ ਮੁਹੱਈਆ ਕਰਦੀ ਹੈ। ਡੇਟਾ ਲਾਈਬ੍ਰੇਰੀ ਨੂੰ ਅਕਸੈਸ ਕਰਨ ਲਈ labormarketinfo.edd.ca.gov 'ਤੇ ਜਾਓ।

The America's Job Center of California[SM] (AJCC) ਦੇ ਦਫਤਰਾਂ ਵਿੱਚ ਨੌਕਰੀ ਲੱਭ ਰਹੇ ਵਿਅਕਤੀਆਂ ਨਾਲ ਮੁਲਾਕਾਤ ਕਰਕੇ ਉਹਨਾਂ ਦੀ ਸਹਾਇਤਾ ਕੀਤੀ ਜਾਂਦੀ ਹੈ। ਤੁਸੀਂ ਆਪਣੇ ਹੁਨਰ ਦਾ ਮੁਲਾਂਕਣ ਕਰਨ, ਸਿਖਲਾਈ ਦੀ ਭਾਲ ਕਰਨ, ਨੌਕਰੀ ਦੇ ਅਵਸਰਾਂ ਦੀ ਭਾਲ ਕਰਨ, ਰਿਜ਼ਊਮ ਤਿਆਰ ਕਰਨ, ਅਤੇ ਹੋਰਾਂ ਕੰਮਾਂ ਲਈ ਸਹਾਇਤਾ ਪ੍ਰਾਪਤ ਕਰ ਸਕਦੇ ਹੋ। ਆਪਣੇ ਸਭ ਤੋਂ ਨਜ਼ਦੀਕੀ AJCC ਨੂੰ ਲੱਭਣ ਲਈ edd.ca.gov/office_locator 'ਤੇ ਜਾਓ।

### ਹੋਰ ਜਾਣਕਾਰੀ ਲਈ

CTB, ਸਿਖਲਾਈ ਦੀ ਮਿਆਦ ਵਿੱਚ ਵਾਧਾ ਕਰਨ ਦੇ ਲਾਭਾਂ, ਅਤੇ ਹੋਰਾਂ ਸਕੂਲ ਜਾਂ ਸਿਖਲਾਈ ਸਰੋਤਾਂ ਬਾਰੇ ਵਾਧੂ ਜਾਣਕਾਰੀ ਲਈ, edd.ca.gov/CTB 'ਤੇ ਜਾਓ।

EDD ਦਾ ਕਨੂੰਨ ਅਤੇ ਨੀਤੀ ਲਾਗੂ ਕਰਨ ਦਾ ਢੰਗ edd.ca.gov/UIBDG 'ਤੇUI ਲਾਭ ਨਿਰਧਾਰਨ ਗਾਈਡ, ਵਿਵਿਧ ਵਾਲਊਮ, ਭਾਗ 85 ਵਿੱਚ ਉਪਲਬਧ ਹੈ।

EDD

edd.ca.gov

EDD ਸਮਾਨ ਅਵਸਰ ਦੇਣ ਵਾਲਾ ਰੋਜ਼ਗਾਰਦਾਤਾ/ਪ੍ਰੋਗਰਾਮ ਹੈ। ਬੇਨਤੀ ਕਰਨ 'ਤੇ ਅਸਮਰੱਥ ਲੋਕਾਂ ਲਈ ਵਾਧੂ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ।
1-866-490-8879 (ਵੌਇਸ) 'ਤੇ ਫ਼ੋਨ ਕਰ ਕੇ ਸੇਵਾਵਾਂ, ਸਹਾਇਤਾਵਾਂ, ਅਤੇ/ਜਾਂ ਵਿਕਪਲਕ ਸਰੂਪਾਂ ਲਈ ਬੇਨਤੀਆਂ ਕਰਨ ਦੀ ਲੋੜ ਹੈ।
TTY ਵਰਤੋਂਕਾਰ, ਕਿਰਪਾ ਕਰਕੇ 711 'ਤੇ California Relay Service ਨੂੰ ਫ਼ੋਨ ਕਰੋ।